ਪ੍ਰੋ: ਇੰਮਾਨੂੰਏਲ ਨਾਹਰ, ਚੇਅਰਮੈਨ ਦੀ ਪ੍ਰਧਾਨਗੀ ਹੇਠ ਮਿਤੀ 16-03-2020 ਨੂੰ ਸਵੇਰੇ 11-30 ਵਜ਼ੇ ਉਹਨਾਂ ਦੇ ਦਫਤਰੀ ਕਮਰੇ ਵਣ ਭਵਨ ਸੈਕਟਰ 68, ਵਿਖੇ ਕਮਿਸ਼ਨ ਦੀ ਮੀਟਿੰਗ ਦੀ ਕਾਰਵਾਈ :-

ਮੀਟਿੰਗ ਵਿਚ ਹੇਠ ਲਿਖੇ ਅਧਿਕਾਰੀ ਹਾਜ਼ਰ ਹੋਏ :-

1. ਸ੍ਰੀ ਮੁਹੰਮਦ ਰਫੀ : ਸੀਨੀਅਰ ਵਾਇਸ- ਚੇਅਰਮੈਨ
2. ਸ੍ਰੀ ਹੰਸ ਰਾਜ : ਵਾਇਸ-ਚੇਅਰਮੈਨ
3. ਸ੍ਰੀ ਅਹਿਮਦ ਅੱਲੀ ਗੁਡੂ : ਮੈਂਬਰ
4. ਸ੍ਰੀ ਗੁਲਾਮ ਹੁਸੈਨ : ਮੈਂਬਰ
3. ਸ੍ਰੀ ਲਾਲ ਹੁਸੈਨ : ਮੈਂਬਰ

ਇਸ ਮੀਟਿੰਗ ਵਿੱਚ ਕੋਈ ਵੀ ਮੈਂਬਰ ਗੈਰ-ਹਾਜ਼ਰ ਨਹੀਂ ਸੀ।

**<u>ਮੀਟਿੰਗ ਦਾ ਅਜੰਡਾ</u>**

1. ਰਾਜ ਵਿੱਚ ਵੱਖ-ਵੱਖ ਪਿੰਡਾਂ/ ਸ਼ਹਿਰਾਂ ਵਿੱਚ ਇਸਾਈ ਅਤੇ ਮੁਸਲਮਾਨ ਭਾਈਚਾਰੇ ਦੇ ਲੋਕਾਂ ਲਈ ਕਬਰਸਥਾਨ ਲਈ ਜਗ੍ਹਾ ਅਲਾਟ ਕਰਨ ਬਾਰੇ ਡਾਇਰੈਕਟਰ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਪੰਜਾਬ ਵਲੋਂ **ਦੀ ਪੰਜਾਬ ਵਿਲੈਜ ਕਾਮਨ ਲੈਂਡਜ (ਰੈਗੁਲੇਸ਼ਨ) ਰੂਲਜ਼, 1964 ਦੇ ਰੁਲ** 3(2) **(xi)** ਤਹਿਤ ਕੀਤੀਆਂ ਹਦਾਇਤਾਂ ਮਿਤੀ 22-03-2011 ਨੂੰ ਲਾਗੂ ਕਰਵਾਉਣ ਸਬੰਧੀ।

2. ਘੱਟ ਗਿਣਤੀ ਭਾਈਚਾਰੇ ਦੇ ਵਿਦਿਆਰਥੀਆਂ ਨੂੰ ਮਿਲਣਯੋਗ ਸਹੂਲਤਾਂ ਦੀ ਜਾਣਕਾਰੀ ਦੇਣ ਲਈ ਸਬੰਧਤ ਵਿਦਿਅਕ ਅਦਾਰਿਆਂ ਵਿੱਚ ਫਲੈਕਸ ਬੋਰਡ ਲਗਵਾਉਣ ਸਬੰਧੀ।

3. ਘੱਟ ਗਿੱਣਤੀ ਭਾਈਚਾਰੇ ਦੀਆਂ ਵਿਦਿਅਕ ਸੰਸਥਾਵਾਂ ਨੂੰ **Minority Status Certificate** ਦੇਣ ਸਬੰਧੀ ਆ ਰਹੀਆਂ ਮੁਸ਼ਕਲਾਂ ਤੇ ਵਿਚਾਰ ਵਟਾਂਦਰਾ।

4. Sacred Heart Convent School , Kohara Road, Machiwara, Distt. Ludhiana ਤੋਂ ਪ੍ਰਾਪਤ ਹੋਈ ਸ਼ਿਕਾਇਤ ਮਿਤੀ 28-02-2020 ਸਬੰਧੀ।

5. ਘੱਟ ਗਿੱਣਤੀਆਂ ਭਾਈਚਾਰੇ ਦੇ ਲੋਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਵੈਲਫੇਅਰ ਸਕੀਮਾਂ ਦੀ ਸਹੀ ਵਰਤੋਂ ਸਬੰਧੀ ਤਾਂ ਜੋ ਘੱਟ ਗਿੱਣਤੀ ਭਾਈਚਾਰੇ ਦੇ ਗਰੀਬ ਲੋਕਾਂ ਨੂੰ ਇਨ੍ਹਾਂ ਸਕੀਮਾਂ ਦਾ ਲਾਭ ਪ੍ਰਾਪਤ ਹੋ ਸਕੇ।

6. Church property ਸਬੰਧੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਮਾਨਯੋਗ ਜੱਜ ਸ਼੍ਰੀ ਰਜੇਸ਼ ਬਿੰਦਲ ਵੱਲੋਂ ਮਿਤੀ 04-09-2009 ਨੂੰ ਪਾਸ ਕੀਤੇ ਹੁਕਮਾਂ ਨੂੰ ਲਾਗੂ ਕਰਨ ਸਬੰਧੀ ਵਿਚਾਰ ਵਟਾਂਦਰਾ।

7. Any other matter with the permission of Chairman.

(1) ਕਮਿਸ਼ਨ ਦੀਆਂ ਮੀਟਿੰਗਾਂ ਅਤੇ ਪੜਤਾਲਾਂ ਵਿੱਚ ਸ਼ਾਮਲ ਅਧਿਕਾਰੀਆਂ/ ਕਰਮਚਾਰੀਆਂ ਨੂੰ ਰੀਫਰੈਸ਼ਮੈਂਟ ਤੇ ਹਏ ਖਰਚੇ ਦੀ ਅਦਾਇਗੀ ਦੀ ਪਰਵਾਨਗੀ ਸਬੰਧੀ।

(2) ਸੀਨੀਅਰ ਵਾਈਸ ਚੇਅਰਮੈਨ, ਵਾਈਸ-ਚੇਅਰਮੈਨ ਅਤੇ ਮੈਂਬਰਾਂ ਦੀ ਨਿਯੁਕਤੀ ਦੀਆਂ Terms and Conditions ਨਿਰਧਾਰਤ ਕਰਵਾਉਣ ਸਬੰਧੀ।

**<u>ਮੀਟਿੰਗ ਦੀ ਕਾਰਵਾਈ :</u>**

ਚੇਅਰਮੈਨ ਜੀ ਵਲੋਂ ਮੀਟਿੰਗ ਵਿਚ ਸ਼ਾਮਲ ਸੀਨੀਅਰ-ਵਾਈਸ ਚੇਅਰਮੈਨ, ਵਾਈਸ ਚੇਅਰਮੈਨ ਅਤੇ ਮੈਂਬਰਾਂ ਨੂੰ ਜੀ ਆਇਆ ਆਖਿਆ ਗਿਆ। ਸਭ ਤੋਂ ਪਹਿਲਾਂ ਚੇਅਰਮੈਨ ਜੀ ਵਲੋਂ ਮੀਟਿੰਗ ਵਿਚ ਹਾਜ਼ਰ ਮੈਂਬਰਾਂ ਨੂੰ ਕਮਿਸ਼ਨ ਦੇ ਕੰਮ ਕਾਜ਼ ਬਾਰੇ ਵਿਸਥਾਰ ਸਹਿਤ ਜਾਣੂ ਕਰਵਾਇਆ ਗਿਆ। 2020 ਵਿਚ ਕਮਿਸ਼ਨ ਦੇ ਮੁੱੜ ਹੋਂਦ ਵਿੱਚ ਆਉਣ ਉਪਰੰਤ ਮਿਤੀ 17-02-2020 ਤੋਂ ਬਾਅਦ ਕਮਿਸ਼ਨ ਵਿੱਚ ਪ੍ਰਾਪਤ ਹੋਈਆਂ ਸ਼ਿਕਾਇਤਾਂ ਅਤੇ ਉਨ੍ਹਾਂ ਤੇ ਕੀਤੀ ਗਈ ਕਾਰਵਾਈ ਬਾਰੇ ਵਿਸਥਾਰ ਸਹਿਤ ਦੱਸਿਆ ਗਿਆ । ਕਮਿਸ਼ਨ ਵਲੋਂ ਇਨ੍ਹਾਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਸਬੰਧਤ ਵਿਭਾਗਾਂ ਨਾਲ ਸੰਪਰਕ ਕਰਕੇ ਜ਼ਲਦ ਤੋਂ ਜ਼ਲਦ ਨਿਪਟਾਰਾ ਕਰਵਾਇਆ ਜਾਵੇਗਾ।

**<u>Report of of Chairman</u>**

1. ਪਿੰਡ ਪ੍ਰੰਗੜੀ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ-ਤਾਰਨ ਵਿੱਚ ਇਸਾਈ ਭਾਈਚਾਰੇ ਨਾਲ ਸਬੰਧਤ ਵਿਅਕਤੀ ਦੀ ਦਫਨਾਈ ਗਈ ਮ੍ਰਿਤਕ ਦੇਹ ਨੂੰ ਕਬਰ ਵਿੱਚੋ ਕੁੱਝ ਵਿਅਕਤੀਆਂ ਵਲੋਂ ਬਾਹਰ ਕੱਢਣ ਦੀ ਕੋਸ਼ਿਸ਼ ਕੀਤੀ ਗਈ, ਮਾਮਲਾ ਚੇਅਰਮੈਨ ਦੇ ਧਿਆਨ ਵਿੱਚ ਆਉਣ ਤੇ ਉਨ੍ਹਾਂ ਨੇ ਤੁਰੰਤ ਸਬੰਧਤ ਜ਼ਿਲ੍ਹਾ ਪੁਲਿਸ ਪ੍ਰਸ਼ਾਸ਼ਨ ਦੇ ਅਧਿਕਾਰੀਆਂ ਨਾਲ ਸੰਪਰਕ ਕਰਕੇ ਦੋਸ਼ੀ ਵਿਅਕਤੀਆਂ ਵਿਰੁੱਧ ਕੇਸ ਦਰਜ਼ ਕਰਵਾਇਆ ਅਤੇ ਭੱਖਦੇ ਮਾਮਲੇ ਦਾ ਹੱਲ ਕਰਵਾਇਆ।

2. ਪਿੰਡ ਮਿਆਣ ਕਲਾਂ, ਥਾਣਾ ਸਮਾਣਾ, ਜ਼ਿਲ੍ਹਾ ਪਟਿਆਲ੍ਹਾ ਵਿਖੇ ਕਬਰਸਥਾਨ ਨਾ ਹੋਣ ਕਾਰਨ ਇਸਾਈ ਭਾਈਚਾਰੇ ਦੀ ਔਰਤ ਦੀ ਮ੍ਰਿਤਕ ਦੇਹ ਨੂੰ ਪੁਲਿਸ ਅਤੇ ਮਾਲ ਵਿਭਾਗ ਦੇ ਅਧਿਕਾਰੀਆਂ ਨਾਲ ਸੰਪਰਕ ਕਰਕੇ ਕਿਸੇ ਵਿਅਕਤੀ ਦੀ ਜ਼ਮੀਨ ਵਿੱਚ ਦਫਨਾਇਆ ਗਿਆ। ਪਿੰਡ ਦੀ ਸ਼ਾਮਲਾਤ ਜ਼ਮੀਨ ਵਿੱਚੋਂ ਕਬਰਸਥਾਨ ਲਈ ਜਗ੍ਹਾ ਦੇਣ ਲਈ ਮਾਲ ਵਿਭਾਗ ਦੇ

ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਜਿਹਨਾਂ ਨੇ ਭਰੋਸਾ ਦਿੱਤਾ ਕਿ ਜ਼ਲਦੀ ਹੀ ਕਬਰਸਤਾਨ ਲਈ ਜ਼ਮੀਨ ਇਸਾਈ ਭਾਈਚਾਰੇ ਨੂੰ ਦੇ ਦਿੱਤੀ ਜਾਵੇਗੀ।

**ਅੰਜਡੇ ਅਨੁਸਾਰ ਹੇਠ ਲਿਖੇ ਮਾਮਲੇ ਵਿਚਾਰੇ ਗਏ** :-

**Agenda Item No. 1 :**

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵਲੋਂ ਸਮੂਹ ਬਲਾਕ ਵਿਕਾਸ ਅਫਸਰਾਂ ਨੂੰ ਜ਼ਾਰੀ ਕੀਤੀਆਂ ਹਦਾਇਤਾਂ ਮਿਤੀ 22-03-2011 ਅਨੁਸਾਰ ਪਿੰਡਾਂ ਵਿੱਚ ਸ਼ਾਮਲਾਤ ਜ਼ਮੀਨ ਵਿਚੋਂ ਕਬਰਸਥਾਨ ਲਈ ਜਗ੍ਹਾ ਦਿੱਤੀ ਜਾਣੀ ਹੈ। ਜਿਨ੍ਹਾ ਪਿੰਡਾਂ ਵਿੱਚ ਸ਼ਾਮਲਾਤ ਜ਼ਮੀਨ ਨਹੀਂ ਹੈ ਉਨ੍ਹਾ ਵਿੱਚ ਜ਼ਮੀਨ ਖਰੀਦਣ ਲਈ ਤਜ਼ਵੀਜ਼ ਡਾਇਰੈਕਟਰ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੂੰ ਭੇਜਣ ਬਾਰੇ।

**Decesion:**

(1) ਇਸ ਸਬੰਧ ਵਿੱਚ ਫੈਸਲਾ ਲਿਆ ਗਿਆ ਹੈ ਕਿ ਜਿਨ੍ਹਾਂ ਪਿੰਡਾਂ ਅਤੇ ਸ਼ਹਿਰਾਂ ਵਿੱਚ ਇਸਾਈ ਅਤੇ ਮੁਸਲਿਮ ਭਾਈਚਾਰੇ ਲਈ ਕਬਰਸਥਾਨ ਨਹੀਂ ਹਨ ਉਨ੍ਹਾਂ ਬਾਰੇ ਸਮੂਹ ਡਿਪਟੀ ਕਮਿਸ਼ਨਰਾਂ ਤਂ ਸੂਚਨਾਂ ਮੰਗ ਲਈ ਜਾਵੇ।

(2) ਮੁਸਲਿਮ ਭਾਈਚਾਰੇ ਦੇ ਕਬਰਸਥਾਨਾਂ ਲਈ ਜ਼ਮੀਨ ਦਾ ਪ੍ਰਬੰਧ ਕਰਨ ਬਾਰੇ ਵਕਾਫ ਬੋਰਡ ਦੇ ਚੇਅਰਮੈਨ ਅਤੇ ਮੈਂਬਰਾਂ ਨਾਲ ਵੀ ਮੀਟਿੰਗ ਕੀਤੀ ਜਾਵੇ। ਵਾਈਸ-ਚੇਅਰਮੈਨ ਵਲੋਂ ਦੱਸਿਆ ਗਿਆ ਕਿ ਬਹੱਤ ਸਾਰੇ ਪਿੰਡਾਂ ਵਿੱਚ ਕਬਰਸਥਾਨਾਂ ਲਈ ਰਸਤਾ ਨਹੀਂ ਹੈ, ਕਈ ਪਿੰਡਾਂ ਵਿੱਚ ਰਸਤੇ ਕੱਚੇ ਹਨ ਅਤੇ ਚਾਰ ਦਿਵਾਰੀ ਵੀ ਨਹੀਂ ਹੈ ਅਤੇ ਕਈ ਪਿੰਡਾਂ ਵਿੱਚ ਕਬਰਸਥਾਨ ਦੀ ਜਗ੍ਹਾ ਤੇ ਲੋਕਾਂ ਵਲੋਂ ਨਜ਼ਾਇਜ਼ ਕਬਜ਼ਾ ਕੀਤਾ ਹੋਇਆ ਹੈ।

ਵਿਚਾਰ ਵਟਾਂਦਰੇ ਉਪਰੰਤ ਫੈਸਲਾ ਲਿਆ ਗਿਆ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੂੰ ਲਿਖਿਆ ਜਾਵੇ ਕਿ ਕਬਰਸਥਾਨਾਂ ਦੇ ਰਸਤੇ ਦਾ ਪ੍ਰਬੰਧ, ਰੱਸਤੇ ਪੱਕੇ ਕਰਨ ਦਾ ਪ੍ਰਬੰਧ ਅਤੇ ਚਾਰ ਦਿਵਾਰੀ ਕਰਵਾਉਣ ਲਈ ਤੁਰੰਤ ਕਾਰਵਾਈ ਕੀਤੀ ਜਾਵੇ। ਸਮੂਹ ਡਿਪਟੀ ਕਮਿਸ਼ਨਰਾਂ ਨੂੰ ਲਿਖਿਆ ਜਾਵੇ ਕਿ ਜਿਹੜੇ ਕਬਰਸਥਾਨਾਂ ਤੇ ਨਜ਼ਾਇਜ਼ ਕਬਜ਼ ਹੋਏ ਹੋਏ ਹਨ ਕਬਜ਼ ਖਾਲੀ ਕਰਵਾਉਣ ਲਈ ਤੁਰੰਤ ਕਾਰਵਾਈ ਕੀਤੀ ਜਾਵੇ। ਕਮਿਸ਼ਨ ਵਲੋਂ ਸਰਕਾਰ ਤੋਂ ਕਬਰਸਥਾਨਾਂ ਲਈ 100 ਕਰੋੜ ਰੁਪਏ ਦੇ ਫੰਡਜ਼ ਜ਼ਾਰੀ ਕਰਵਾਉਣ ਲਈ ਉਪਰਾਲੇ ਕੀਤੇ ਜਾਣਗੇ।

**Agenda Item No. 2 :**

ਘੱਟ ਗਿਣਤੀ ਭਾਈਚਾਰੇ ਦੇ ਵਿਦਿਆਰਥੀਆਂ ਨੂੰ ਮਿਲਣਯੋਗ ਸਹੂਲਤਾਂ ਦੀ ਜਾਣਕਾਰੀ ਦੇਣ ਲਈ ਸਬੰਧਤ ਵਿਦਿਅਕ ਅਦਾਰਿਆਂ ਵਿੱਚ ਫਲੈਕਸ ਬੋਰਡ ਲਗਵਾਉਣ ਸਬੰਧੀ।

**Decesion:**

ਰਾਜ ਦੇ ਸਮੂਹ ਮੈਡੀਕਲ, ਨਰਸਿੰਗ, ਟੈਕਨੀਕਲ ਵਿਦਿਅਕ ਅਦਾਰਿਆਂ ਅਤੇ ਕਾਲਜਾਂ, ਸਕੂਲਾਂ ਵਿੱਚ ਘੱਟ ਗਿਣਤੀਆਂ ਦੇ ਵਿਦਿਆਰਥੀਆਂ ਨੂੰ ਮਿਲ ਰਹੀਆਂ ਸਹੂਲਤਾਂ ਦੀ ਜਾਣਕਾਰੀ ਲਈ ਫਲੈਕਸ ਬੋਰਡ ਲਗਾਉਣ ਲਈ ਵਿਦਿਅਕ ਅਦਾਰਿਆਂ ਦੇ ਸਬੰਧਤ ਵਿਭਾਗਾਂ, ਡੀ.ਪੀ.ਆਈ. ਕਾਲਜ਼, ਡੀ.ਪੀ.ਆਈ ਸਕੂਲ, ਡੀ.ਪੀ.ਆਈ ਐਲੀਮੈਂਟਰੀ, ਡਾਇਰੈਕਟਰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ ਅਤੇ ਡਾਇਰੈਕਟਰ, ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗਾਂ ਨੂੰ ਕਮਿਸ਼ਨ ਵਲੋਂ ਹਦਾਇਤਾਂ ਕੀਤੀਆਂ ਜਾਣਗੀਆਂ ।

**Agenda Item No. 3:**

ਘੱਟ ਗਿਣਤੀ ਭਾਈਚਾਰੇ ਦੀਆਂ ਵਿਦਿਅਕ ਸੰਸਥਾਵਾਂ ਨੂੰ Minority Status Certificate N.O.C. ਦੇਣ ਸਬੰਧੀ ਆ ਰਹੀਆਂ ਮੁਸ਼ਕਲਾਂ।

ਘੱਟ ਗਿਣਤੀ ਭਾਈਚਾਰਿਆਂ ਵਲੋਂ ਸਥਾਪਤ ਕੀਤੇ ਗਏ ਬੱਹੁਤ ਸਾਰੇ ਵਿਦਿਅਕ ਅਦਾਰਿਆਂ/ਸੁਸਾਇਟੀਆਂ ਵਲੋਂ ਸਬੰਧਤ ਵਿਭਾਗਾਂ ਨੂੰ **Minority Status Certificate /N.O.C.** ਜ਼ਾਰੀ ਕਰਨ ਲਈ ਤਜ਼ਵੀਜਾਂ ਭੇਜੀਆਂ ਹੋਈਆਂ ਹਨ ਜੋ ਕਿ ਬਹੱਤ ਸਮੇਂ ਤੋਂ ਲੰਬਿਤ ਪਈਆਂ ਹਨ।

**Decision**

ਇਸ ਸਬੰਧ ਵਿੱਚ ਫੈਸਲਾ ਲਿਆ ਗਿਆ ਕਿ ਮੈਡੀਕਲ, ਟੈਕਨੀਕਲ, ਸਕੂਲਾਂ ਅਤੇ ਕਾਲਜਾਂ ਦੇ ਸਬੰਧਤ ਵਿਭਾਗਾਂ ਤੋਂ ਸੂਚਨਾ ਮੰਗੀ ਜਾਵੇ ਕਿ ਉਨ੍ਹਾਂ ਕੋਲ ਅਜਿਹੇ ਕਿੰਨੇ ਕੇਸ ਲੰਬਿਤ ਹਨ ਅਤੇ ਇਨ੍ਹਾਂ ਦੇ ਲੰਬਿਤ ਹੋਣ ਦੇ ਕੀ ਕਾਰਨ ਹਨ। ਸੂਚਨਾਂ ਪ੍ਰਾਪਤ ਹੋਣ ਤੇ ਵਿਭਾਗਾਂ ਨਾਲ ਮੀਟਿੰਗਾਂ ਕੀਤੀਆਂ ਜਾਣਗੀਆਂ।

**Agenda Item No.4**

Sacred Heart Convent School, Kohara Road, Machhiwara,Distt. Ludhiana ਤੋਂ ਪ੍ਰਾਪਤ ਹੋਈ ਸ਼ਿਕਾਇਤ ਮਿਤੀ 28-02-2020 ਗ੍ਰਾਂਟ ਦੀ ਵਰਤੋਂ ਸਬੰਧੀ।

ਇਸ ਸਬੰਧ ਵਿੱਚ ਚੇਅਰਮੈਨ ਵਲੋਂ ਦੱਸਿਆ ਗਿਆ ਕਿ ਸਕੂਲ ਦੇ ਪ੍ਰਿੰਸੀਪਲ ਤੋਂ ਪੱਤਰ ਪ੍ਰਾਪਤ ਹੋਣ ਤੇ ਮਾਮਲਾ ਸਕੱਤਰ ਸਿਖਿਆ ਵਿਭਾਗ ( ਸਕੂਲਾਂ) ਅਤੇ ਡਿਪਟੀ ਕਮਿਸ਼ਨਰ, ਲੁਧਿਆਣਾ ਨਾਲ ਟੇਕ ਅਪ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ, ਲੁਧਿਆਣਾ ਨੂੰ ਲਿਖਿਆ ਗਿਆ ਹੈ ਕਿ ਜਦੋਂ ਤੱਕ ਸਿਖਿਆ ਵਿਭਾਗ ਵਲੋਂ ਕੋਈ ਅੰਤਮ ਫੈਸਲਾ ਨਹੀਂ ਲਿਆ ਜਾਂਦਾ ਉਦੋਂ ਤੱਕ ਸਕੂਲ/ਸੁਸਾਇਟੀ ਵਿਰੁੱਧ ਕੋਈ ਕਾਰਵਾਈ ਨਾ ਕੀਤੀ ਜਾਵੇ। ਮਾਮਲਾ ਸਕੱਤਰ ਸਿਖਿਆ ਵਿਭਾਗ (ਸਕੂਲਾਂ) ਦੇ ਵਿਚਾਰ ਅਧੀਨ ਹੈ।

**<u>Agenda Item No. 5</u>**

ਘੱਟ ਗਿੱਣਤੀਆਂ ਭਾਈਚਾਰੇ ਦੇ ਲੋਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਵੈਲਫੇਅਰ ਸਕੀਮਾਂ ਦੀ ਸਹੀ ਵਰਤੋਂ ਸਬੰਧੀ ਤਾਂ ਜੋ ਘੱਟ ਗਿੱਣਤੀ ਭਾਈਚਾਰੇ ਦੇ ਗਰੀਬ ਲੋਕਾਂ ਨੂੰ ਇਨ੍ਹਾਂ ਸਕੀਮਾਂ ਦਾ ਲਾਭ ਪ੍ਰਾਪਤ ਹੋ ਸਕੇ।

**<u>Decision</u>**

ਇਸ ਸਬੰਧ ਵਿੱਚ ਚੇਅਰਮੈਨ ਵਲੋਂ ਜਾਣੂ ਕਰਵਾਇਆ ਗਿਆ ਹੈ ਕਿ ਘੱਟ ਗਿਣਤੀ ਭਾਈਚਾਰਿਆਂ ਲਈ ਵੈਲਫੇਅਰ ਸਕੀਮਾਂ ਅਤੇ ਘੱਟ ਗਿਣਤੀ ਭਾਈਚਾਰੇ ਦੇ ਵਿਦਿਆਰਥੀਆਂ ਦੇ ਵਜੀਫਿਆਂ ਬਾਰੇ ਵਿਚਾਰ ਕਰਨ ਲਈ ਮਿਤੀ 23-03-2020 ਨੂੰ ਡਾਇਰੈਕਟਰ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀਆਂ ਨਾਲ ਮੀਟਿੰਗ ਰੱਖੀ ਗਈ ਹੈ।

**<u>Agenda Item No. 6</u>** :

Church property ਸਬੰਧੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਮਾਨਯੋਗ ਜੱਜ ਸ਼੍ਰੀ ਰਜੇਸ਼ ਬਿੰਦਲ ਵੱਲੋਂ ਮਿਤੀ 04-09-2009 ਨੂੰ ਪਾਸ ਕੀਤੇ ਹੁਕਮਾਂ ਨੂੰ ਲਾਗੂ ਕਰਨ ਸਬੰਧੀ।

ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮ ਮਿਤੀ 04-09-2009 ਦੀ ਪਾਲਣਾ ਹਿੱਤ ਮਾਲ ਅਤੇ ਪੁਨਰਵਾਸ ਵਿਭਾਗ (ਜਗੀਰ ਸ਼ਾਖਾ) ਦੇ ਪੱਤਰ ਨਬਰ 5/1/2019-ਜ 1/1226-1252, ਮਿਤੀ 25-1-2019 ਰਾਹੀਂ ਸਮੂਹ ਮੰਡਲ ਕਮਿਸ਼ਨਰਜ਼ ਅਤੇ ਸਮੂਹ ਡਿਪਟੀ ਕਮਿਸ਼ਨਰਜ਼ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਅਜਿਹੀ ਕਿਸੀ ਵੀ ਧਾਰਮਿਕ ਜਾਇਦਾਦ ਤੇ ਨਜਾਇਜ਼ ਕਬਜ਼ਾ ਨਾਂ ਹੋਵੇ ਅਤੇ ਚਰਚ ਦੀਆਂ ਅਜਿਹੀਆਂ ਜਾਇਦਾਦਾਂ ਮਾਨਯੋਗ ਹਾਈ ਕੋਰਟ ਵਲੋਂ ਸੀ.ਆਰ.ਐਮ.ਐਮ. ਨੰ: 26928 ਆਫ 2009 ਨੂੰ ਪਾਸ ਕੀਤੇ ਗਏ ਹੁਕਮਾਂ ਅਨੁਸਾਰ ਕਾਨਨੀ ਤੌਰ ਤੇ ਸੁਰੱਖਿਅਤ ਹੋਣੀਆਂ ਚਾਹੀਦੀਆਂ ਹਨ ਅਤੇ ਡਿਪਟੀ ਕਮਿਸ਼ਨਰਾਂ ਵਲੋਂ The Punjab Religious

Premises and Land (Eviction and Rent Recovery)Act, 1997, Section 2(d) and (e) ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ। ਇਸ ਤੋਂ ਬਾਅਦ ਉਪਰੋਕਤ ਵਿਭਾਗ ਨੇ ਪੱਤਰ ਮਿਤੀ 2-3-2020 ਰਾਹੀਂ ਕਮਿਸ਼ਨ ਦੇ ਪੱਤਰ ਮਿਤੀ 22-1-2020 ਦੇ ਹਵਾਲੇ ਵਿੱਚ ਸੂਚਿਤ ਕੀਤਾ ਹੈ ਕਿ ਪੰਜਾਬ ਰਾਜ ਵਿੱਚ ਕੰਮ ਕਰ ਰਹੇ ਸਬ-ਰਜਿਸਟਰਾਰ/ ਸੰਯੁਕਤ ਸਬ-ਰਜਿਸਟਰਾਰ ਜ਼ਮੀਨਾਂ ਦੀ ਰਜਿਸਟਰੇਸ਼ਨ ਕਰਨ ਸਮੇਂ The Registration Act, 1908 ਵਿੱਚ ਕੀਤੀ ਵਿਵਸਥਾ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਪੰਜਾਬ ਰਜਿਸਟਰੇਸ਼ਨ ਮੈਨੂਅਲ, 1929 ਦੇ ਨੋਟੀਫੀਕਸ਼ਨ ਨੰ: ਆਰ-1/17-48/4/27691-ਏ, ਮਿਤੀ 30-11-2000 ਦੀ ਪਾਲਣਾ ਕਰਦੇ ਹੋਏ ਜ਼ਮੀਨਾਂ ਦੀਆਂ ਰਜਿਸਟਰੀਆਂ ਕਰਦੇ ਹਨ।

**Decision**

ਇਹ ਫੈਸਲਾ ਲਿਆ ਗਿਆ ਹੈ ਕਿ ਧਾਰਮਿਕ ਸਥਾਨਾਂ / ਧਾਰਮਿਕ ਸੰਸਥਾਵਾਂ ਦੀ ਸੰਪਤੀ ਨੂੰ ਅਨ-ਐਥੋਰਾਈਜ਼ਡ ਵਿਅਕਤੀਆਂ ਵਲੋਂ ਵੇਚਣ ਤੋਂ ਰੋਕਣ ਲਈ ਮਾਲ ਅਤੇ ਪੁਨਰਵਾਸ ਵਿਭਾਗ, ਪੰਜਾਬ ਨਾਲ ਸੰਪਰਕ ਕਰਕੇ ਇਕ ਕਮੇਟੀ ਗਠਨ ਕੀਤੀ ਜਾਵੇਗੀ ਜਿਸ ਵਿੱਚ ਨਿਮਨ ਲਿਖਤ ਮੈਂਬਰਾਂ ਨੂੰ ਰੱਖਣ ਲਈ ਸਿਫਾਰਿਸ਼ ਕੀਤੀ ਜਾਂਦੀ ਹੈ:-

| ਲੜੀ ਨੰ: | ਮੌਜੂਦਾ ਆਹੁਦਾ | ਕਮੇਟੀ ਵਿੱਚ ਆਹੁਦਾ |
|---|---|---|
| 1. | ਚੇਅਰਮੈਨ, ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ | ਚੇਅਰਮੈਨ |
| 2. | ਸੀਨੀਅਰ ਵਾਈਸ-ਚੇਅਰਮੈਨ | ਮੈਂਬਰ |
| 3. | ਵਾਈਸ-ਚੇਅਰਮੈਨ | ਮੈਂਬਰ |
| 4. | ਮੁੱਖ ਸਕੱਤਰ ਦਾ ਨੁਮਾਇੰਦਾ | Official ਮੈਂਬਰ |
| 5. | ਸਬੰਧਤ ਜ਼ਿਲੇ ਦਾ ਡਿਪਟੀ ਕਮਿਸ਼ਨਰ ਦਾ ਨੁਮਾਇੰਦਾ | Official ਮੈਂਬਰ |
| 6. | ਸਬੰਧਤ ਜ਼ਿਲੇ ਦਾ ਮਾਲ ਵਿਭਾਗ ਦਾ ਅਧਿਕਾਰੀ। | Official ਮੈਂਬਰ |
| 7. | ਸਬੰਧਤ ਜ਼ਿਲ੍ਹੇ ਦਾ ਪੁਲਿਸ ਵਿਭਾਗ ਦਾ ਨੁਮਾਇੰਦਾ। | Official ਮੈਂਬਰ |
| 8. | ਚੇਅਰਮੈਨ, ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਵਲੋਂ ਘੱਟ ਗਿਣਤੀ ਭਾਈਚਾਰੇ ਦਾ ਇਕ ਮੈਂਬਰ who has done outstanding work regarding safeguarding the interests Christian Community. | Non- Official ਮੈਂਬਰ |
| 9. | ਚੇਅਰਮੈਨ, ਪੰਜਾਬ ਰਾਜ ਘੱਟ ਗਿਣਤੀ ਕਮਿਸ਼ਨ ਵਲੋਂ ਇਕ ਮੈਂਬਰ Legal Expert (legal luminary) and having legal knowledge and has an | Non- Official ਮੈਂਬਰ |

| | | |
|---|---|---|
| | experience dealing with such legal matters and has done outstanding work regarding safeguarding the interests Christian Community. | |

ਚਰਚ/ਮਿਸ਼ਨ ਦੀ ਕੋਈ ਵੀ ਜਾਇਦਾਦ ਵੇਚਣ ਦੀ ਪ੍ਰਵਾਨਗੀ ਲਈ ਉਪਰੋਕਤ ਗਠਿਤ ਕਮੇਟੀ ਨੂੰ ਇਤਰਾਜ਼ਹੀਣਤਾ ਸਰਟੀਫਿਕੇਟ ਲਈ ਬੇਨਤੀ ਕੀਤੀ ਜਾਵੇ ਅਤੇ ਕਮੇਟੀ ਸਾਰੇ ਕਾਨੂੰਨੀ ਪੱਖ ਵਿਚਾਰ ਕੇ ਇਸ ਸਬੰਧੀ ( No Objection Certificate) ਜ਼ਾਰੀ ਕਰੇਗੀ। ਮਾਲ ਵਿਭਾਗ ਦੇ ਸਬੰਧਤ ਅਧਿਕਾਰੀਆਂ ਨੂੰ ਹਦਾਇਤਾਂ ਜ਼ਾਰੀ ਕੀਤੀਆਂ ਜਾਣ ਕਿ ਓਹ ਇਹ ਯਕੀਨੀ ਅਤੇ ਲਾਜਮੀ ਬਣਾਉਣ ਕਿ ਕਿਸੇ ਵੀ ਚਰਚ/ਮਿਸ਼ਨ ਦੀ ਜ਼ਾਇਦਾਦ ਦੀ ਰਜਿਸਟਰੀ ਕਰਨ ਤੋਂ ਪਹਿਲਾ ਉਪਰੋਕਤ ਗਠਿਤ ਕਮੇਟੀ ਵਲੋਂ ਜਾਰੀ ਕੀਤੇ ਗਏ ਇਤਰਾਜ ਹੀਣਤਾ ਸਰਟੀਫਿਕੇਟ ( No Objection Certificate) ਤੋਂ ਬਿਨਾ ਕੋਈ ਵੀ ਰਜਿਸਟਰੀ ਨਾ ਕਰਨ ਤਾਂ ਜੋ ਅਣ-ਅਧਿਕਾਰਤ ਵਿਅਕਤੀਆਂ ਦੁਆਰਾ ਚਰਚ/ਮਿਸ਼ਨ ਦੀਆਂ ਜ਼ਾਇਦਾਦਾ ਦੀ ਸੇਲ ਤੇ ਰੋਕ ਲਾਈ ਜਾ ਸਕੇ।

**Agenda Item No. 7**. Any other matter with the permission of Chairman.

(1) ਕਮਿਸ਼ਨ ਦੀਆਂ ਮੀਟਿੰਗਾਂ ਅਤੇ ਪੜਤਾਲਾਂ ਵਿਚ ਸ਼ਾਮਲ ਅਧਿਕਾਰੀਆਂ/ਕਰਮਚਾਰੀਆਂ ਨੂੰ ਰੀਫਰੈਸ਼ਮੈਂਟ ਤੇ ਹੋਏ ਖਰਚੇ ਦੀ ਅਦਾਇਗੀ ਦੀ ਪ੍ਰਵਾਨਗੀ।

**Decision**

ਕਮਿਸ਼ਨ ਦੀਆਂ ਮੀਟਿੰਗਾਂ ਅਤੇ ਇੰਨਕੁਆਈਆਂ ਵਿਚ ਸ਼ਾਮਲ ਹੋਣ ਲਈ ਦੂਜੇ ਵਿਭਾਗਾਂ ਦੇ ਅਧਿਕਾਰੀਆਂ /ਕਰਮਚਾਰੀਆਂ ਨੂੰ ਬੁਲਾਇਆ ਜਾਂਦਾ ਹੈ ਅਤੇ ਚਾਹ ਅਤੇ ਸਨੈਕਸ਼ ਆਦਿ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਕਮਿਸ਼ਨ ਦੇ ਨਾਨ-ਅਫੀਸ਼ੀਅਲ ਮੈਂਬਰਾਂ ਨੂੰ ਕਮਿਸ਼ਨ ਦੀਆਂ ਮੀਟਿੰਗਾਂ ਵਿਚ ਸ਼ਾਮਲ ਹੋਣ ਲਈ ਦੂਰ-ਦੂਰ ਤੋਂ ਆਉਣਾ ਪੈਂਦਾ ਹੈ। ਉਹਨਾਂ ਨੂੰ ਦੁਪਿਹਰ ਦਾ ਖਾਣਾ ਦਿੱਤਾ ਜਾਣਾ ਲੋੜੀਂਦਾ ਹੈ, ਕਿਉਂਕਿ ਉਹਨਾਂ ਨੂੰ ਕੋਈ ਮਾਣ ਭੇਟਾ ਆਦਿ ਨਹੀਂ ਦਿੱਤੀ ਜਾਂਦੀ। ਇਸ ਲਈ ਕਮਿਸ਼ਨ ਵੱਲੋਂ ਵਿਚਾਰ ਵਟਾਦਰਾਂ ਕਰਨ ਉਪਰੰਤ ਫੈਸਲਾ ਲਿਆ ਹੈ ਕਿ ਐਸ.ਓ.ਈ. 36 ਵਿਚੋਂ ਅਜਿਹੇ ਖਰਚੇ ਦੇ ਬਿੱਲਾਂ ਦੀ ਅਦਾਇਗੀ ਚੇਅਰਮੈਨ ਦੀ ਪ੍ਰਵਾਨਗੀ ਨਾਲ ਕੀਤੀ ਜਾਵੇ। ਜੇਕਰ ਸੰਭਵ ਹੈ ਤਾਂ ਇਸ ਮੰਤਵ ਲਈ ਦਫਤਰੀ ਖਰਚਿਆਂ ਵਿਚੋਂ 5,000/- ਰੁਪਏ ਦੀ ਰਾਸ਼ੀ ਕਮਿਸ਼ਨ ਦੇ ਬੈਂਕ ਖਾਤੇ ਵਿਚੋਂ ਡਰਾਅ ਕਰਕੇ ਅਜਿਹੇ ਖਰਚਿਆਂ ਲਈ ਰੱਖ ਲਈ ਜਾਵੇ।

(2) ਸੀਨੀਅਰ ਵਾਇਸ ਚੇਅਰਮੈਨ, ਵਾਈਸ-ਚੇਅਰਮੈਨ ਅਤੇ ਮੈਂਬਰਾਂ ਦੀ ਨਿਯੁਕਤੀ ਦੀ Terms and Conditions ਨਿਰਧਾਰਤ ਕਰਵਾਉਣ ਸਬੰਧੀ।

ਸੀਨੀਅਰ ਵਾਈਸ ਚੇਅਰਮੈਨ, ਵਾਈਸ-ਚੇਅਰਮੈਨ ਅਤੇ ਮੈਂਬਰਾਂ ਨੇ ਮੀਟਿੰਗ ਦੌਰਾਨ ਦੱਸਿਆ ਕਿ ਉਨ੍ਹਾਂ ਨੂੰ ਮਾਣ-ਭੇਟਾ ਅਤੇ ਹੋਰ ਭੱਤੇ ਦੇਣ ਸਬੰਧੀ ਸਰਕਾਰ ਨੇ ਕੋਈ ਫੈਸਲਾ ਨਹੀਂ ਲਿਆ, ਸਰਕਾਰ ਨੂੰ ਲਿਖਿਆ ਜਾਵੇ ਕਿ ਉਨ੍ਹਾਂ ਦੀ ਨਿਯੁਕਤੀ ਦੀਆਂ Terms and Conditions ਨਿਰਧਾਰਤ ਕੀਤੀਆਂ ਜਾਣ। ਵਿੱਤ ਵਿਭਾਗ ਵਲੋਂ ਪੱਤਰ ਮਿਤੀ 26-12-2018 ਰਾਹੀਂ ਜ਼ਾਰੀ ਕੀਤੀਆਂ ਸਟੈਂਡਰਡ ਟਰਮਜ਼ ਐਂਡ ਕੰਡੀਸ਼ਨਜ਼ ਵਿੱਚ ਸੀਨੀਅਰ ਵਾਈਸ-ਚੇਅਰਮੈਨ ਅਤੇ ਵਾਈਸ-ਚੇਅਰਮੈਨ ਨੂੰ ਮਾਣ ਭੇਟਾ ਅਤੇ ਹੋਰ ਭੱਤੇ ਦੇਣ ਦਾ ਕੋਈ ਜਿਕਰ ਨਹੀਂ ਹੈ। ਮੈਂਬਰਾਂ ਨੂੰ ਕੇਵਲ ਘਰ ਤੋਂ ਮੀਟਿੰਗ ਸਥਾਨ ਅਤੇ ਵਾਪਸੀ ਦੇ ਨਿੱਜੀ ਵੀਹਕਲ ਤੇ ਕੀਤੇ ਸਫਰ ਦੇ ਇਵਜ਼ ਵਜੋਂ 6/- ਰੁਪਏ ਪ੍ਰਤਿ ਕਿਲੋਮੀਟਰ ਅਤੇ 750/- ਰੁਪਏ ਮੀਟਿੰਗ ਭੱਤਾ ਦਿੱਤਾ ਜਾਣਾ ਹੈ, ਮੈਂਬਰਾਂ ਵਲੋਂ ਕਿਹਾ ਗਿਆ ਹੈ ਕਿ ਮੌਜ਼ਦਾ ਸਮੇਂ ਦੌਰਾਨ 6/- ਰੁਪਏ ਪ੍ਰਤਿ ਕਿਲੋਮੀਟਰ ਬਹੁੱਤ ਘੱਟ ਹੈ, ਘੱਟ ਤੋਂ ਘੱਟ 15/- ਰੁਪਏ ਕਿਲੋਮੀਟਰ ਹੋਣਾ ਚਾਹੀਦਾ ਹੈ। ਇਸ ਤੋਂ ਇਲਾਵਾ ਮੈਂਬਰਾਂ ਨੂੰ ਮਾਣ ਭੇਟਾ ਅਤੇ ਹੋਰ ਭੱਤੇ ਵੀ ਦਿੱਤੇ ਜਾਣ।

**<u>Decision</u>**

ਉਪਰੋਕਤ ਅਧਿਕਾਰੀਆਂ/ਮੈਂਬਰਾਂ ਦੀ ਮੰਗ ਅਨੁਸਾਰ ਇਹ ਫੈਸਲਾ ਲਿਆ ਗਿਆ ਹੈ ਕਿ ਸੀਨੀਅਰ ਵਾਈਸ-ਚੇਅਰਮੈਨ ਅਤੇ ਵਾਈਸ-ਚੇਅਰਮੈਨ ਦੀ ਨਿਯੁਕਤੀ ਦੀਆਂ ਟਰਮਜ਼ ਐਂਡ ਕੰਡੀਸ਼ਨਜ਼ ਨਿਰਧਾਰਤ ਕਰਨ ਬਾਰੇ ਸਰਕਾਰ ਨੂੰ ਲਿਖਿਆ ਜਾਵੇ ਕਿ ਕਮਿਸ਼ਨ ਵਲੋਂ ਪੂਰਵਲੇ ਸੀਨੀਅਰ ਵਾਈਸ -ਚੇਅਰਮੈਨ ਅਤੇ ਵਾਈਸ-ਚੇਅਰਮੈਨ ਦੀ ਨਿਯੁਕਤੀ ਦੀਆਂ ਟਰਮਜ਼ ਐਂਡ ਕੰਡੀਸ਼ਨਜ਼ ਤਜਵੀਜ਼ ਕੀਤੀਆਂ ਗਈਆਂ ਹਨ, ਉਹ ਹੀ ਟਰਮਜ਼ ਐਂਡ ਕੰਡੀਸ਼ਨਜ਼ ਮੌਜ਼ੂਦਾ ਸੀਨੀਅਰ ਵਾਈਸ-ਚੇਅਰਮੈਨ ਅਤ ਵਾਈਸ-ਚੇਅਰਮੈਨ ਲਈ ਪ੍ਰਵਾਨ ਕੀਤੀਆ ਜਾਣ। ਗੈਰ ਸਰਕਾਰੀ ਮੈਂਬਰਾਂ ਨੂੰ 20,000/- ਰੁਪਏ ਮਾਣ ਭੇਟਾ , 500/- ਰੁਪਏ ਮੋਬਾਇਲ ਫੋਨ ਅਲਾਉਂਸ ਅਤੇ 15/- ਰੁਪਏ ਪ੍ਰਤਿ ਕਿਲੋਮੀਟਰ ਰਹਾਇਸ਼ ਸਥਾਨ ਤੋਂ ਮੀਟਿੰਗ ਸਥਾਨ ਅਤੇ ਵਾਪਸੀ ਲਈ ਕੀਤੇ ਸਫਰ ਦੇ ਇਵਜ਼ ਵਿੱਚ ਅਤੇ 750/- ਰੁਪਏ ਪ੍ਰਤਿ ਮੀਟਿੰਗ ਅਲਾਉਂਸ ਦੇਣ ਲਈ ਸਰਕਾਰ ਨੂੰ ਲਿਖਿਆ ਜਾਵੇ।

ਮੀਟਿੰਗ ਵਿਚ ਹਾਜ਼ਰ ਹੋਏ ਸਾਰੇ ਮੈਂਬਰਾਂ ਦੇ ਧੰਨਵਾਦ ਦੇ ਮੱਤੇ ਨਾਲ ਮੀਟਿੰਗ ਸਮਾਪਤ ਹੋਈ।

ਸਹੀ/-
(ਪ੍ਰੋ: ਇੰਮਾਨੂੰਏਲ ਨਾਹਰ)
ਚੇਅਰਮੈਨ